MUNICIPAL CORPORATION BATHINDA, LOCAL GOVT. PUNJAB, DEPTT, PUNJAB

NOTICE INVITING E-Auction

www.tenderwizard.com/DLGP

E-Auction No. MCB/2026-27

No. 2760 **Date** 5/10/26

e-Auction Notice

ਨਗਰ ਨਿਗਮ ਬਠਿੰਡਾ ਵੱਲੋਂ ਹੇਠ ਲਿਖੇ ਅਨੁਸਾਰ ਦੁਕਾਨਾਂ ਅਤੇ ਕੰਟੀਨ e-Auction ਰਾਹੀਂ ਕਿਰਾਏ/ਠੇਕੇ ਤੇ ਦਿੱਤੀਆਂ ਜਾਣੀਆਂ ਹਨ। ਚਾਹਵਾਨ ਵਿਅਕਤੀ ਬੋਲੀ ਵਿੱਚ ਹਿੱਸਾ ਲੈਕੇ ਲਾਭ ਉਠਾਉਣ। ਬੋਲੀ ਸਬੰਧੀ ਸ਼ਰਤਾਂ ਨਿਮਨ ਲਿਖਤ ਅਨੁਸਾਰ ਹਨ।

ਬੋਲੀ ਦਾ ਵੇਰਵਾ:-

ਲੜੀਨੰ:	ਦੁਕਾਨ / ਕੰਟੀਨ ਦਾ ਵੇਰਵਾ	ਮਾਰਕਿਟ ਦਾ ਨਾਮ	ਬਿਆਨਾ ਰਕਮ	ਰਿਜਰਵ ਕੀਮਤ (ਪ੍ਰਤੀ ਮਹੀਨਾ)	ਸਮਾਂ
1.	ਦੁਕਾਨ ਨੰ: 24 Ground Floor	ਗੋਲ ਡਿੱਗੀ ਮਾਰਕਿਟ	20000/-	5800/-	3 ਸਾਲ
2.	ਦੁਕਾਨ ਨੰ: 19 Second Floor	ਗੋਲ ਡਿੱਗੀ ਮਾਰਕਿਟ	20000/-	6300/-	3 ਸਾਲ
3.	ਦੁਕਾਨ ਨੰ: 28 Ground Floor	ਗੋਲ ਡਿੱਗੀ ਮਾਰਕਿਟ	20000/-	8300/-	3 ਸਾਲ
4.	ਦੁਕਾਨ ਨੰ: 28 First Floor	ਗੋਲ ਡਿੱਗੀ ਮਾਰਕਿਟ	20000/-	3987/-	3 ਸਾਲ
5.	ਦੁਕਾਨ ਨੰ: 28 Second Floor	ਗੋਲ ਡਿੱਗੀ ਮਾਰਕਿਟ	20000/-	4100/-	3 ਸਾਲ
6.	ਦੁਕਾਨ ਨੰ: 29 First Floor	ਗੋਲ ਡਿੱਗੀ ਮਾਰਕਿਟ	20000/-	3000/-	3 ਸਾਲ
7.	ਦੁਕਾਨ ਨੰ: 29 Second Floor	ਗੋਲ ਡਿੱਗੀ ਮਾਰਕਿਟ	20000/-	3110/-	3 ਸਾਲ
8.	ਦੁਕਾਨ ਨੰ: 5-ਏ	ਫਾਇਰ ਸਟੇਸ਼ਨ	20000/-	28900/-	3 ਸਾਲ
9.	ਦੁਕਾਨ ਨੰ: 7	ਫਾਇਰ ਸਟੇਸ਼ਨ	20000/-	27200/-	3 ਸਾਲ
10.	ਦੁਕਾਨ ਨੰ: 1 First Floor	ਨੇੜੇ ਨਿਗਮ ਦਫਤਰ	20000/-	9400/-	3 ਸਾਲ
11.	ਦੁਕਾਨ ਨੰ: 2 First Floor	ਨੇੜੇ ਨਿਗਮ ਦਫਤਰ	20000/-	9400/-	3 ਸਾਲ
12.	ਦੁਕਾਨ ਨੰ: 3 First Floor	ਨੇੜੇ ਨਿਗਮ ਦਫਤਰ	20000/-	9400/-	3 ਸਾਲ
13.	ਦੁਕਾਨ ਨੰ: 4 First Floor	ਨੇੜੇ ਨਿਗਮ ਦਫਤਰ	20000/-	9400/-	3 ਸਾਲ
14.	ਦੁਕਾਨ ਨੰ: 62	ਸੁਭਾਸ਼ ਮਾਰਕਿਟ	20000/-	27400/-	3 ਸਾਲ
15.	ਕੈਂਟੀਨ	ਜ਼ੋਗਰ ਪਾਰਕ	50,000/-	25,000/-	3 ਸਾਲ
16.	ਕੈਂਟੀਨ	ਰੋਜ਼ ਗਾਰਡਨ	1,00,000/-	50,000,/-	3 ਸਾਲ

ਬੋਲੀ ਦੀ ਮਿਤੀ: -

ਲੜੀਨੰ:	ਬਿੱਡਰ ਲਈ ਰਜਿਸਟ੍ਰੇਸ਼ਨ ਦੀ ਮਿਤੀ ਅਤੇ ਸਮਾਂ	ਬਿੱਡ ਰਜਿਸਟ੍ਰੇਸ਼ਨ ਚੈਕ ਕਰਨ ਦੀ ਮਿਤੀ ਅਤੇ ਸਮਾਂ	ਆਨ-ਲਾਈਨ ਬਿੱਡ ਦੀ ਮਿਤੀ ਅਤੇ ਸਮਾਂ
1.	ਮਿਤੀ 06/10/2026 ਨੂੰ ਬਾਅਦ ਦੁਪਹਿਰ 4.00 ਵਜੇ ਤੋਂ ਮਿਤੀ 28/10/2026 ਨੂੰ ਸਵੇਰੇ 11.00 ਵਜੇ ਤੱਕ ।	ਮਿਤੀ 28/10/2026 ਨੂੰ ਦੁਪਹਿਰ 11.30 ਵਜੇ।	ਮਿਤੀ 29/10/2026 ਨੂੰ ਸਵੇਰੇ 11.00 ਤੋਂ ਮਿਤੀ 30/10/2026 ਨੂੰ ਸਵੇਰੇ 11.00 ਵਜੇ ਤੱਕ

ਈ-ਆਕਸ਼ਨ ਸਬੰਧੀ ਬੋਲੀਕਾਰਾਂ ਨੂੰ ਹਦਾਇਤਾਂ: -

1. ਈ-ਆਕਸ਼ਨ ਪ੍ਰੀਕ੍ਰਿਆ ਸਬੰਧੀ ਕਿਸੇ ਸਪੱਸ਼ਟੀਕਰਨ ਲਈ, ਹੋਰ ਨਿਯਮ ਅਤੇ ਸ਼ਰਤਾਂ ਲਈ www.tenderwizard.com/DLGP ਅਤੇ www.mcbathinda.com ਦੇ ਨਾਲ-ਨਾਲ ਦਫਤਰੀ ਸਮੇਂ ਦੌਰਾਨ ਕਿਸੇ ਵੀ ਕੰਮ-ਵਾਲੇ ਦਿਨ ਦਫਤਰ ਨਗਰ ਨਿਗਮ ਬਠਿੰਡਾ ਵਿਖੇ ਕਮਰਾ ਨੰ: 20 ਵਿੱਚ ਦੇਖੀਆ ਜਾ ਸਕਦੀਆ ਹਨ।
2. ਨਿਯਮਾਂ ਅਤੇ ਸ਼ਰਤਾਂ ਵਿੱਚ ਕੋਈ ਤਬਦੀਲੀ, ਗਲਤੀ ਜਾਂ ਸੋਧ ਸਬੰਧੀ ਸੂਚਨਾ ਹੇਠਾਂ ਦਿੱਤੀ ਵੈਬਸਾਈਟ www.tenderwizard.com/DLGP ਤੇ ਅੱਪਲੋਡ ਕੀਤੀ ਜਾਵੇਗੀ । ਅਖਬਾਰਾਂ ਵਿੱਚ ਕੋਈ ਵੱਖਰਾ ਕੋਰੀਜੰਡਮ ਜਾਰੀ ਨਹੀਂ ਕੀਤਾ ਜਾਵੇਗਾ।
3. ਬੋਲੀਕਾਰ ਵੱਲੋਂ ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਨਿਰਧਾਰਤ ਬਿਆਨਾ ਰਕਮ ਜਮ੍ਹਾ ਕਰਵਾਉਣ ਦੇ ਨਾਲ-2 ਆਨ-ਲਾਈਨ ਬੋਲੀ ਦੀ ਤਕਨੀਕੀ ਬਿੱਡ ਦੀਆਂ ਸ਼ਰਤਾਂ ਅਨੁਸਾਰ ਸਬੰਧਤ Scanned ਦਸਤਾਵੇਜ਼ ਅੱਪਲੋਡ ਕਰੇਗਾ।
4. ਬੋਲੀਕਾਰ ਵੱਲੋਂ ਬਿਆਨਾ ਰਕਮ ਅਤੇ ਪ੍ਰੋਸੈਸਿੰਗ ਫੀਸ ਆਨ ਲਾਈਨ ਜਮ੍ਹਾ ਕਰਵਾਈ ਜਾਵੇਗੀ।
5. ਹਰੇਕ ਬੋਲੀਕਾਰ ਈ-ਆਕਸ਼ਨ ਪੋਰਟਲ www.tenderwizard.com/DLGP ਤੇ ਰਜਿਸਟਰ ਹੋਣਾ ਜਰੂਰੀ ਹੈ।

6. ਈ-ਆਕਸ਼ਨ ਦੇ ਸਬੰਧ ਵਿੱਚ ਕੋਈ ਪੁੱਛ ਗਿੱਛ ਅਤੇ ਪੋਰਟਲ ਤੇ ਰਜਿਸਟ੍ਰੇਸ਼ਨ ਸਬੰਧੀ ਜਾਣਕਾਰੀ ਲਈ ਬੋਲੀਕਾਰ Tenderwizard ਦੇ ਹੈਲਪ ਲਾਈਨ ਨੰ: 080-45811365, 080-45982100, 81466-99866 (ਚੰਡੀਗੜ੍ਹ) ਨਾਲ ਸੰਪਰਕ ਕਰ ਸਕਦਾ ਹੈ।
7. ਸਾਰੇ ਬੋਲੀਕਾਰਾਂ ਨੂੰ ਆਪਣੇ-ਆਪ ਨੂੰ ਪਹਿਲਾਂ ਤੋਂ ਰਜਿਸਟ੍ਰੇਸ਼ਨ ਕਰਾਉਣਾ ਜਰੂਰੀ ਹੈ ਅਤੇ ਦੇਰੀ ਲਈ ਕੋਈ ਵਾਧੂ ਸਮਾਂ ਨਹੀਂ ਦਿੱਤਾ ਜਾਵੇਗਾ।
8. ਈ-ਆਕਸ਼ਨ ਸਬੰਧੀ ਕਿਸੇ ਵੀ ਜਾਣਕਾਰੀ ਲਈ ਸੁਪਰਡੈਂਟ, ਰੈਂਟ ਸ਼ਾਖਾ ਨਾਲ ਮੋਬਾਇਲ ਨੰ: 70091-21309 ਤੇ ਤਾਲਮੇਲ ਕੀਤਾ ਜਾ ਸਕਦਾ ਹੈ।

<u>ਨਿਯਮ ਅਤੇ ਸ਼ਰਤਾਂ:-</u>

1. ਹਰੇਕ ਬੋਲੀਕਾਰ ਲਈ ਬਣਦੀ ਬਿਆਨਾ ਰਕਮ ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਈ-ਆਕਸ਼ਨ ਪੋਰਟਲ www.tenderwizard.com/DLGP ਰਾਹੀਂ ਆਨ-ਲਾਈਨ ਜਮ੍ਹਾ ਕਰਵਾਏਗਾ ।ਸਫਲ ਬੋਲੀਕਾਰ ਨੂੰ ਛੱਡਕੇ, ਬੋਲੀ ਪ੍ਰਵਾਨ ਹੋਣ ਤੋਂ ਬਾਅਦ ਬਾਕੀ ਬੋਲੀਕਾਰਾਂ ਦੀ ਬਿਆਨਾ ਰਕਮ ਆਨ-ਲਾਈਨ ਰਿਫੰਡ ਕੀਤੀ ਜਾਵੇਗੀ ।
2. ਬੋਲੀਕਾਰ ਆਨ-ਲਾਈਨ ਬਿਆਨਾ ਰਕਮ ਜਮ੍ਹਾ ਕਰਾਉਣ ਸਮੇਂ ਹੇਠ ਲਿਖੇ ਅਨੁਸਾਰ Scanned Document ਅੱਪਲੋਡ ਕਰੇਗਾ:-
   - ਸਵੈ-ਘੋਸ਼ਣਾ ਪੱਤਰ ਅੱਪਲੋਡ ਕਰੇਗਾ ਕਿ ਉਹ ਨਗਰ ਨਿਗਮ ਦਾ ਕਿਸੇ ਵੀ ਕਿਸਮ ਦਾ ਡਿਫਾਲਟਰ ਨਹੀਂ ਹੈ ਅਤੇ ਨਾ ਹੀ ਕਿਸੇ ਹੋਰ ਵਿਭਾਗ ਤੋਂ ਬਲੈਕ ਲਿਸਟ ਹੈ।
   - ਪੈਨਨੰਬਰ।
   - ਆਪਣਾ ਇੱਕ ਸਨਾਖਤੀ ਸਬੂਤ ਜਿਵੇਂ ਕਿ ਅਧਾਰ ਕਾਰਡ, ਵੋਟਰ ਕਾਰਡ ਆਦਿ ਵਿੱਚੋਂ ਕੋਈ ਇੱਕ ਦਸਤਾਵੇਜ਼।
   - ਬੋਲੀਕਾਰ ਦਾ ਨਿਗਮ ਦੀ ਸਾਰੀਆਂ ਸ਼ਾਖਾਵਾਂ ਤੋਂ ਨੋ ਡਿਊ ਸਰਟੀਫਿਕੇਟ/ਨਾ-ਬਕਾਇਆਜਾਤ ਸਰਟੀਫਿਕੇਟ ਸਬੂਤ ਵਜੋਂ ਈ-ਆਕਸ਼ਨ ਪੋਰਟਲ www.tenderwizard.com/DLGP ਤੇ ਅੱਪਲੋਡ ਕਰੇਗਾ।
3. ਜੇਕਰ ਬੋਲੀ ਦੌਰਾਨ ਆਖਰੀ 10 ਮਿੰਟਾਂ ਵਿੱਚ ਕਿਸੇ ਬੋਲੀਕਾਰ ਵੱਲੋਂ ਬੋਲੀ ਦਿੱਤੀ ਜਾਂਦੀ ਹੈ ਤਾਂ ਬੋਲੀ ਲਗਾਉਣ ਦਾ ਸਮਾਂ ਆਪਣੇ-ਆਪ (Automatic) 30 ਮਿੰਟ ਲਈ ਵੱਧ ਜਾਵੇਗਾ ਤਾਂ ਜੋ ਦੂਸਰੇ ਬੋਲੀਕਾਰਾਂ ਨੂੰ ਬੋਲੀ ਵਿੱਚ ਬਰਾਬਰ ਦਾ ਮੌਕਾ ਮਿਲ ਸਕੇ।ਨਿਲਾਮੀ/ਬੋਲੀ ਉਦੋਂ ਹੀ ਬੰਦ ਹੋਵੇਗੀ ਜਦੋਂ ਪਿੱਛਲੇ 10 ਮਿੰਟਾਂ ਦੇ ਸਮੇਂ ਦੌਰਾਨ ਕੋਈ ਹੋਰ ਵਾਧਾ ਦਰਜ਼ ਨਹੀਂ ਕੀਤਾ ਜਾਂਦਾ ਹੈ।(For example: If the auction is closing at 14.00 Hrs and if any bidder bids between 13.50 Hrs and 14.00 Hrs, the auto auction extension will extend the auction closing time to 14.30 Hrs, and if any bidder bids between 14.20 Hrs and 14.30 Hrs, it will be extended to 15.00 Hrs and so on.)
4. ਬੋਲੀ ਦੌਰਾਨ ਬੋਲੀਕਾਰ ਵੱਲੋਂ ਦਿੱਤੀ ਜਾਣ ਵਾਲੀ ਬੋਲੀ ਵਿੱਚ ਵਾਧਾ ਘੱਟੋਂ ਘੱਟ 500/- ਰੁਪਏ ਕੈਂਟੀਨ ਲਈ ਅਤੇ 100/- ਰੁਪਏ ਦਾ ਘੱਟੋਂ ਘੱਟ ਵਾਧਾ ਦੁਕਾਨਾਂ ਲਈ ਹੋਵੇਗਾ ।ਇਸ ਤੋਂ ਘੱਟ ਬੋਲੀ ਨਾ ਮੰਨਜੂਰ ਹੋਵੇਗੀ ।
5. ਦੁਕਾਨਾਂ/ਕੰਟੀਨ ਈ-ਆਕਸ਼ਨ ਰਾਹੀਂ ਹੀ ਠੇਕੇ/ਕਿਰਾਏ ਤੇ ਦਿੱਤੀ ਜਾਵੇਗੀ।ਬੋਲੀ ਲਈ ਤਿੰਨ ਬੋਲੀਕਾਰਾਂ ਦਾ ਹੋਣਾ ਜਰੂਰੀ ਹੈ।
6. ਦੁਕਾਨ/ਕੰਟੀਨ ਦਾ ਕਬਜਾ ਨਗਰ ਨਿਗਮ ਵੱਲੋਂ ਬੋਲੀ ਦੀ ਪ੍ਰਵਾਨਗੀ ਹੋਣ ਤੋਂ ਬਾਅਦ ਬੋਲੀ ਦੀ ਪੂਰੀ ਰਕਮ ਜਮ੍ਹਾ ਕਰਵਾਉਣ ਉਪਰੰਤ ਦਿੱਤਾ ਜਾਵੇਗਾ।
7. ਬੋਲੀ ਪ੍ਰਵਾਨ ਕਰਨ ਜਾਂ ਬੋਲੀ ਰੱਦ ਕਰਨ ਦੇ ਅਧਿਕਾਰ ਮਾਨਯੋਗ ਕਮਿਸ਼ਨਰ, ਨਗਰ ਨਿਗਮ, ਬਠਿੰਡਾ ਪਾਸ ਰਾਖਵੇਂ ਹਨ।

ਕਾਰਜਕਾਰੀ ਇੰਜੀਨੀਅਰ,
ਨਗਰ ਨਿਗਮ, ਬਠਿੰਡਾ

ਸੇਵਾ ਵਿਖੇ

ਕਮਿਸ਼ਨਰ

ਨਗਰ ਨਿਗਮ,ਬਠਿੰਡਾ।

ਵਿਸ਼ਾ:- ਨਾ-ਬਕਾਇਆ ਜਾਤ ਸਰਟੀਫਿਕੇਟ ਲੈਣ ਬਾਰੇ।

ਸ਼੍ਰੀ ਮਾਨ ਜੀ

ਉਕਤ ਵਿਸ਼ੇ ਅਧੀਨ ਬੇਨਤੀ ਹੈ ਕਿ ਮੈਂ ਨਿਗਮ ਦੀ ਈ-ਆਕਸ਼ਨ ਨੋਟਿਸ ਨੰ: 2760 ਮਿਤੀ 05.10.2026 ਵਿੱਚ ਭਾਗ ਲੈਣਾ ਚਾਹੁੰਦਾ ਹਾਂ। ਇਸ ਲਈ ਮੈਨੂੰ ਨਗਰ ਨਿਗਮ,ਬਠਿੰਡਾ ਵੱਲੋਂ ਨਾ ਬਕਾਇਆ ਜਾਤ ਸਰਟੀਫਿਕੇਟ ਦੀ ਲੋੜ ਹੈ। ਮੇਰੇ ਵੱਲੋਂ ਨਿਗਮ ਦਾ ਜੇਕਰ ਕਿਸੇ ਕਿਸਮ ਦਾ ਬਕਾਇਆ ਹੈ ਤਾਂ ਉਹ ਭਰਵਾਕੇ ਮੈਨੂੰ ਨਾ-ਬਕਾਇਆ ਜਾਤ ਸਰਟੀਫਿਕੇਟ ਜਾਰੀ ਕੀਤਾ ਜਾਵੇ ਜੀ।

ਧੰਨਵਾਦ ਸਹਿਤ।

UID No MCB Z..........................

ਆਪ ਜੀ ਦਾ ਸ਼ੁਭਚਿੰਤਕ

ਦਸਤਖਤ.....................

ਨਾਮ..........................

ਪਤਾ..........................

....

ਮੋ:............................

ਕੇਵਲ ਦਫ਼ਤਰ ਵਰਤੋਂ ਲਈ

ਹੇਠ ਲਿਖਿਆ ਬਰਾਂਚਾ ਤੋਂ ਨਾ-ਬਕਾਇਆ ਜਾਤ ਸਬੰਧੀ ਰਿਪੋਰਟ ਲਿੱਤੀ ਜਾਵੇ।

ਲੜੀ ਨੰ:	ਬ੍ਰਾਂਚ ਦਾ ਨਾਮ/ਕਮਰਾ ਨੰ:	ਬਕਾਇਅ ਸਬੰਧੀ	ਡੀਲਿੰਗ ਹੈਂਡ ਦੇ ਦਸਤਖਤ	ਬ੍ਰਾਂਚ ਮੁੱਖੀ ਦੇ ਦਸਤਖਤ
1	ਰੈਂਟ ਸ਼ਾਖਾ 20			
2	ਪਾਣੀ/ਸੀਵਰੇਜ਼ ਸ਼ਾਖਾ 23			
3	ਗਾਰਬੇਜ 27			
4	ਬਿਲਡਿੰਗ ਸ਼ਾਖਾ 109			
5	ਪ੍ਰਾਪਰਟੀ ਟੈਕਸ 116			
6	ਕਾਊ ਸੈਸ ਸ਼ਾਖਾ 118			
7	ਲਾਈਸੈਂਸ ਸ਼ਾਖਾ 120			
8	ਬਾਗਬਾਨੀ ਸ਼ਾਖਾ			
9	ਫਾਇਰ ਸਟੇਸ਼ਨ			